੧ੳ ਸਤਿਗੁਰ ਪ੍ਰਸਾਦਿ ॥

# ਅੰਮ੍ਰਿਤ ਦਾਤਾ



ਸੰਪਾਦਕ

ਤਰਲੋਕ ਸਿੰਘ 'ਤਰਲੋਕ'

**ਪ੍ਰਧਾਨ ਪੰਜਾਬੀ ਕਵੀ ਗੁਲਜ਼ਾਰ, ਦਿੱਲੀ**

ਪ੍ਰਕਾਸ਼ਕ

**ਪੰਜਾਬੀ ਟਰੈਕਟ ਸੁਸਾਇਟੀ**

1567, ਕੂਚਾ ਦਖਨੀ ਰਾਏ, ਦਰਿਆ ਗੰਜ, ਦਿੱਲੀ-6

ਇਕ ਕਾਪੀ ੨੫ ਪੈਸੇ ਸੈਂਕੜਾ ੨੦)

Sri Satguru Jagjit Singh Ji eLibrary NamdhariElibrary@gmail.com

## ਪੰਜ ਸੌ ਸਾਲਾ ਗੁਰਪੁਰਬ ਤੇ
## ਪੰਜਾਬੀ ਟਰੈਕਟ ਸੁਸਾਇਟੀ

ਵਲੋਂ

# ਸਾਡਾ ਅਗਲਾ ਪ੍ਰੋਗਰਾਮ

## ਦੋ ਜਹਾਨ ਵਾਲੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ

ਪੰਜ ਸੌ ਸਾਲਾ ਸ਼ਤਾਬਦੀ ਨਵੰਬਰ ੧੯੬੯ ਵਿਚ ਆ ਰਹੀ ਹੈ ਜੋ ਸਾਰੇ ਸੰਸਾਰ ਵਿਚ ਬੜੀ ਧੂਮ ਧਾਮ ਨਾਲ ਮਨਾਈ ਜਾਵੇਗੀ ਇਸ ਸੁਨਹਿਰੀ ਯਾਦ ਵਿਚ ਅਸੀਂ ਅਗੇ ਦੋ ਸ਼ਾਨਦਾਰ ਟ੍ਰੈਕਟ ਸਤਿ ਕਰਤਾਰ ਤੇ ਨਿਰਾਲੀ ਸ਼ਾਨ ਪ੍ਰਕਾਸ਼ਤ ਕਰ ਚੁਕੇ ਹਾਂ ਅਤੇ ਇਹ ਤਾਜਾ ਟ੍ਰੈਕਟ ਅੰਮ੍ਰਿਤ ਦਾਤਾ ਆਪ ਜੀ ਦੇ ਹਥਾਂ ਵਿਚ ਹੈ ਤੇ ਇਹ ਟ੍ਰੈਕਟ ਛਪ ਰਹੇ ਹਨ ਜੋ ਨੰਬਰ ਵਾਰ ਆਪ ਜੀ ਪਾਸ ਪੁਜਦੇ ਰਹਿਣਗੇ ਅਤੇ ਬ ਕੀ ਆ ਰਹੇ ਮਿੱਟਰ ਦੀ ਉਡੀਕ ਰਖੋ :

| | |
|---|---|
| ੧. ਨਾਨਕੀ ਦਾ ਪਿਆਰ | 'ਸੁਸ਼ੀਲ' ਮਮਿਕ |
| ੨. ਨਾਨਕ ਦੀ ਰਬਾਬ | ਗੁਰਬਖਸ਼ ਸਿੰਘ 'ਦਰਪਨ' |
| ੩. ਨੂਰੀ ਜੋਤ | ਤਰਲੋਕ ਸਿੰਘ 'ਤਰਲੋਕ' |

(ਬਾਕੀ ਵੇਰਵਾ ਅਗਲੇ ਟ੍ਰੈਕਟ ਵਿਚ)

ਸਕੱਤ੍ਰ

## ਪੰਜਾਬੀ ਟਰੈਕਟ ਸੁਸਾਇਟੀ

੧੫੬੭, ਕੂਚਾ ਦਖਨੀ ਰਾਏ, ਦਰਿਆ ਗੰਜ, ਦਿੱਲੀ-੬

Sri Satguru Jagjit Singh Ji eLibrary NamdhariElibrary@gmail.com

# ਗੁਰੂ ਗੋਬਿੰਦ ਸਿੰਘ

(ਭਾਈ ਨੰਦ ਲਾਲ ਜੀ ਦੀ ਕਲਮ ਤੋਂ)

"ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ ॥
ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ ॥ ੧੦੫ ॥
ਹਕ ਰਾ ਗੰਜੂਰ ਗੁਰੁ ਗੋਬਿੰਦ ਸਿੰਘ ॥
ਜੁਮਲਾ ਫ਼ੈਜ਼ਿ ਨੂਰ ਗੁਰੁ ਗੋਬਿੰਦ ਸਿੰਘ ॥ ੧੦੬ ॥
ਹਕ ਹਕ ਅਗਾਹ ਗੁਰੁ ਗੋਬਿੰਦ ਸਿੰਘ ॥
ਸ਼ਾਹਿ ਸ਼ਾਹਨਸ਼ਾਹ ਗੁਰੁ ਗੋਬਿੰਦ ਸਿੰਘ ॥ ੧੦੭ ॥
ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ ॥
ਖ਼ਸਮ ਰਾ ਜਾਂ ਕਾਹ ਗੁਰੂ ਗੋਬਿੰਦ ਸਿੰਘ ॥ ੧੦੮ ॥
ਫਾਇਜ਼ੁਲ ਅਨਵਾਰ ਗੁਰੁ ਗੋਬਿੰਦ ਸਿੰਘ ॥
ਕਾਂਸ਼ਫੁਲ ਅਸਰਾਰ ਗੁਰੂ ਗੋਬਿੰਦ ਸਿੰਘ ॥ ੧੦੯ ॥
ਆਲਮੁਲ ਅਸਤਾਰ ਗੁਰੂ ਗੋਬਿੰਦ ਸਿੰਘ ॥
ਅਬਰਿ ਰਹਿਮਤ ਬਾਰ ਗੁਰੁ ਗੋਬਿੰਦ ਸਿੰਘ ॥੧੧੦ ॥
ਮੁਕਬਲੋ ਮਕਬੂਲ ਗੁਰੁ ਗੋਬਿੰਦ ਸਿੰਘ ॥
ਵਾਸਲੋ ਮੌਸੂਲ ਗੁਰੁ ਗੋਬਿੰਦ ਸਿੰਘ ॥ ੧੧੧ ॥
ਜਾਂ ਫ਼ਰੋਜ਼ਿ ਨਹਿਰ ਗੁਰੁ ਗੋਬਿੰਦ ਸਿੰਘ ॥
ਫੈਜ ਹਕ ਰਾ ਬਹਿਰ ਗੁਰੁ ਗੋਬਿੰਦ ਸਿੰਘ ॥ ੧੧੨ ॥
ਹਕ ਰਾ ਮਾਹਬੂਬ ਗੁਰੁ ਗੋਬਿੰਦ ਸਿੰਘ ॥
ਤਾਲਬੋ ਮਤਲੂਬ ਗੁਰੁ ਗੋਬਿੰਦ ਸਿੰਘ ॥ ੧੧੩ ॥



Sri Satguru Jagjit Singh Ji eLibrary NamdhariElibrary@gmail.com

ਤੇਗ਼ ਰਾ ਫਤਾਹ ਗੁਰੂ ਗੋਬਿੰਦ ਸਿੰਘ ॥
ਜਾਨੋ ਦਿਲ ਰਾ ਰਾਹ ਗੁਰੂ ਗੋਬਿੰਦ ਸਿੰਘ ॥ ੧੧੪ ॥
ਸਾਹਿਬੇ ਅਕਲੀਲ ਗੁਰੂ ਗੋਬਿੰਦ ਸਿੰਘ ॥
ਜ਼ਿਲੇ ਹੱਕ ਤਜ਼ਲੀਲ ਗੁਰੂ ਗੋਰੂ ਗੋਬਿੰਦ ਸਿੰਘ॥੧੧੫॥
ਖ਼ਾਜ਼ਨੇ ਹਰ ਗੰਜ ਗੁਰੂ ਗੋਬਿੰਦ ਸਿੰਘ ॥
ਬਹਹਮੇ ਹਰ ਰੰਜ ਗੁਰੂ ਗੋਬਿੰਦ ਸਿੰਘ ॥ ੧੧੬ ॥
ਦਾਵਰਿ ਆਫ਼ਾਕ ਗੁਰੂ ਗੋਬਿੰਦ ਸਿੰਘ ॥
ਹਰ ਦੋ ਆਲਮ ਤਾਕ ਗੁਰੂ ਗੋਬਿੰਦ ਸਿੰਘ ॥ ੧੧੭ ॥
ਹਕ ਖ਼ੁਦ ਵਸਾਫਿ ਗੁਰੂ ਗੋਬਿੰਦ ਸਿੰਘ ॥
ਬਰਤਰੀਂ ਔਸਾਫਿ ਗੁਰੂ ਗੋਬਿੰਦ ਸਿੰਘ ॥ ੧੧੮ ॥
ਖ਼ਾਸਗਾਂ ਦਰਪਾਇ ਗੁਰੂ ਗੋਬਿੰਦ ਸਿੰਘ ॥
ਕੁਦਸੀਆਂ ਬਾਰਾਇ ਗੁਰੂ ਗੋਬਿੰਦ ਸਿੰਘ ॥ ੧੧੯ ॥
ਮੁਕਬਲਾਂ ਮਦਾਇ ਗੁਰ ਗੋਬਿੰਦ ਸਿੰਘ ॥
ਜਾਨੋ ਦਿਲ ਰਾ ਰਾਹ ਗੁਰੂ ਗੋਬਿੰਦ ਸਿੰਘ ॥ ੧੨੦ ॥
ਲਾ ਮਕਾਂ ਪਾਬੋਸਿ ਗੁਰੂ ਗੋਬਿੰਦ ਸਿੰਘ ॥
ਬਰ ਦੋ ਆਲਮ ਕੋਸਿ ਗੁਰੂ ਗੋਬਿੰਦ ਸਿੰਘ ॥ ੧੨੧ ॥
ਸੁਲਸ ਹਮ ਮਾਹਕੂਮਿ ਗੁਰੂ ਗੋਬਿੰਦ ਸਿੰਘ ॥
ਰੁਬਾਅ ਹਮ ਮਖਤੂਮਿ ਗੁਰੂ ਗੋਬਿੰਦ ਸਿੰਘ ॥ ੧੨੨ ॥
ਸੁਦਸ ਹਲਕਾ ਬਗੋਸ਼ਿ ਗੁਰੂ ਗੋਬਿੰਦ ਸਿੰਘ ॥
ਦੁਸ਼ਮਨ ਅਫਗਨ ਜੋਸ਼ਿ ਗੁਰੂ ਗੋਬਿੰਦ ਸਿੰਘ ॥੧੨੩॥
ਖ਼ਾਲਚੋ ਬੇਕੀਨਾ ਗੁਰੂ ਗੋਬਿੰਦ ਸਿੰਘ ॥
ਹਕ ਹਕ ਆਈਨਾ ਗੁਰੂ ਗੋਬਿੰਦ ਸਿੰਘ ॥ ੧੨੪ ॥



Sri Satguru Jagjit Singh Ji eLibrary NamdhariElibrary@gmail.com

# ਵਾਹ ਵਾਹ ਗੁਰੂ ਗੋਬਿੰਦ ਸਿੰਘ

(ਵਲੋਂ : ਪ੍ਰ: ਤਰਲੋਕ ਸਿੰਘ ਜੀ 'ਫੁਲ' ਮਾਡਲ ਟਾਊਨ, ਦਿੱਲੀ)

ਕੋਈ ਵੀ ਸਚਾਈ ਪਸੰਦ ਆਦਮੀ ਇਸ ਗਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਗੁਰੂ ਸਾਹਿਬ ਦੀਆਂ ਬੇ ਮਿਸਾਲ ਕੁਰਬਾਨੀਆਂ ਅਤੇ ਅਣਗਿਣਤ ਪਰਉਪਕਾਰਾਂ ਨੇ ਭਾਰਤਵਰਸ਼ ਦੀ ਅਲੋਪ ਹੋ ਰਹੀ ਸਭਯਤਾ ਅਤੇ ਗੌਰਵਤਾ ਨੂੰ ਸਿਰਫ ਖਤਮ ਹੋਣ ਤੋਂ ਹੀ ਨਹੀਂ ਬਚਾਇਆ ਬਲਕਿ ਸੁਰਜੀਤ ਕੀਤਾ। ਸੂਫੀ ਫਕੀਰ ਸਾਈਂ ਬੁਲੇ ਸ਼ਾਹ ਦਾ ਇਕ ਕਥਨ ਸਾਡੇ ਇਸ ਖਿਆਲ ਨੂੰ ਚੰਗੀ ਤਰ੍ਹਾਂ ਦਰਸਾਂਦਾ ਹੈ:-

"ਭੂਲ ਗਈ ਸਬ ਅਗਲੀ ਪਿਛਲੀ ਬਾਤ ਕਹੂੰ ਮੈਂ ਅਬਕੀ ॥
ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਸੁਨੱਤ ਹੋਤੀ ਸੱਬ ਕੀ ॥"

ਕਈ ਕਾਰਨਾਂ ਕਰਕੇ ਅਜ ਤਕ ਗੁਰੂ ਸਾਹਿਬ ਦੇ ਕੀਤੇ ਉਪਕਾਰਾਂ ਦਾ ਪੂਰਾ ਪੂਰਾ ਨਕਸ਼ਾ ਆਮ ਲੋਕਾਂ ਦੇ ਸਾਹਮਣੇ ਨਹੀਂ ਆਇਆ। ਪਰ ਇਹ ਗਲ ਬਿਲਕੁਲ ਸੱਚ ਹੈ ਕਿ ਜਦ ਅਸੀਂ ਗੁਰੂ ਸਾਹਿਬ ਦੇ ਜੀਵਨ ਦੇ ਕਿਸੇ ਪਹਿਲੂ ਨੂੰ ਵੀ ਵੀਚਾਰਦੇ ਹਾਂ ਤਾਂ ਅਸੀਂ ਇਸ ਸਿਟੇ ਤੇ ਪੁਜਦੇ ਹਾਂ ਕਿ ਆਪ ਅੰਦਰ ਹਰ ਇਕ ਗੁਣ ਕਮਾਲ ਤੇ ਪੁਜਾ ਹੋਇਆ ਸੀ।

ਸਭ ਤੋਂ ਪਹਿਲਾਂ ਗੁਰੂ ਸਾਹਿਬ ਦੇ ਦਰਸ਼ਨ ਸਾਨੂੰ ਪਟਨੇ ਸ਼ਹਿਰ ਅੰਦਰ ਹੁੰਦੇ ਹਨ ਜਿਥੇ ਗੁਰੂ ਸਾਹਿਬ ਨੇ ਆਪਣੀ ਛੋਟੀ



Sri Satguru Jagjit Singh Ji eLibrary NamdhariElibrary@gmail.com

ਉਮਰ ਦੇ ਪੰਜ ਸਾਲ ਗੁਜ਼ਾਰੇ। ਗੁਰੂ ਜੀ ਹਰ ਰੋਜ਼ ਆਪਣੇ ਹਾਣੀਆਂ ਨੂੰ ਨਾਲ ਲੈਕੇ ਗੰਗਾ ਦੇ ਅਸ਼ਨਾਨ ਨੂੰ ਜਾਂਦੇ ਅਤੇ ਉਥੇ ਕਈ ਤਰ੍ਹਾਂ ਦੇ ਕੌਤਕ ਕਰਦੇ। ਇਕ ਦਿਨ ਇਸ਼ਨਾਨ ਕਰਦਿਆਂ ਆਪ ਦੇ ਹਥ ਦਾ ਸੋਨੇ ਦਾ ਕੰਗਨ ਦਰਿਆ ਵਿਚ ਗਿਰ ਗਿਆ। ਘਰ ਵਾਪਸ ਆਣ ਤੇ ਮਾਤਾ ਗੁਜਰੀ ਜੀ ਨੇ ਪੁਛਿਆ, "ਪੁੱਤਰ ਜੀ, ਸੋਨੇ ਦਾ ਕੜਾ ਕਿਥੇ ਹੈ?" ਤਾਂ ਗੁਰੂ ਸਾਹਿਬ ਨੇ ਜਵਾਬ ਦਿਤਾ ਕਿ ਗੰਗਾ ਨਦੀ ਵਿਚ ਗਿਰ ਗਿਆ ਹੈ। ਤਦ ਮਾਤਾ ਜੀ ਆਪ ਨੂੰ ਅਤੇ ਕਈ ਨੌਕਰਾਂ ਨੂੰ ਨਾਲ ਲੈ ਕੇ ਗੰਗਾ ਦਰਿਆ ਤੇ ਗਏ ਤਾਂ ਜੋ ਕੰਗਨ ਦੀ ਭਾਲ ਕੀਤੀ ਜਾਵੇ। ਜਦ ਮਾਤਾ ਜੀ ਨੇ ਗੁਰੂ ਸਾਹਿਬ ਤੋਂ ਪੁਛਿਆ ਕਿ "ਪੁੱਤਰ ਜੀ, ਕੰਗਨ ਕਿਸ ਜਗਾ ਤੇ ਡਿਗਾ ਸੀ?" ਤਾਂ ਗੁਰੂ ਸਾਹਿਬ ਨੇ ਆਪਣੇ ਹਥ ਦਾ ਦੂਜਾ ਕੰਗਨ ਦਰਿਆ ਵਿਚ ਸੁਟ ਕੇ "ਮਾਤਾ ਜੀ ਇਸ ਮਕਾਮ ਤੇ ਕੰਗਨ ਡਿਗਾ ਸੀ।" ਇਹ ਸੀ ਗੁਰੂ ਸਾਹਿਬ ਦੇ ਅੰਦਰ ਮਾਇਆ ਦਾ ਤਿਆਗ। ਕਈ ਨੁਕਤਾ ਚੀਨ ਸਜਨ ਇਸ ਕੌਤਕ ਨੂੰ ਪੜ੍ਹ ਕੇ ਕਹਿਣ ਗੇ ਕਿ ਇਹ ਕੌਤਕ ਗੁਰੂ ਸਾਹਿਬ ਨੇ ਆਪਣੇ ਬਾਲ ਵਰੇਸ਼ ਵਿਚ ਕੀਤਾ' ਜਦ ਕਿ ਬੱਚੇ ਨੂੰ ਮਾਇਆ ਦੀ ਕਦਰ ਨਹੀਂ ਹੁੰਦੀ। ਪਰ ਇਨ੍ਹਾਂ ਸਜਨਾਂ ਦੀ ਇਹ ਦਲੀਲ ਰਦ ਹੋ ਜਾਂਦੀ ਹੈ ਜਿਸ ਵੇਲੇ ਅਸੀਂ ਵੇਖਦੇ ਹਾਂ ਕਿ ਗੁਰੂ ਸਾਹਿਬ ਆਪਣੀ ਆਖਰੀ ਉਮਰ ਵਿਚ ਨਦੇੜ (ਸ੍ਰੀ ਹਜ਼ੂਰ ਸਾਹਿਬ) ਰਹਿੰਦੇ ਹਨ। ਇਥੇ ਆਪ ਨੂੰ ਬਹਾਦਰ ਸ਼ਾਹ ਹਿੰਦੁਸਤਾਨ ਦਾ ਬਾਦਸ਼ਾਹ ਮਿਲਿਆ ਅਤੇ ਮੁਲਾਕਾਤ ਵੇਲੇ ਬਾਦਸ਼ਾਹ ਨੇ ਹੀਰੇ ਅਤੇ ਜਵਾਹਰਾਤ ਦਾ ਇਕ ਭਰਿਆ ਹੋਇਆ ਬਾਲ ਗੁਰੂ ਸਾਹਿਬ ਦੇ ਪੇਸ਼



Sri Satguru Jagjit Singh Ji eLibrary NamdhariElibrary@gmail.com

ਕੀਤਾ। ਗੁਰੂ ਸਾਹਿਬ ਨੇ ਹੁਕਮ ਦਿਤਾ ਕਿ ਇਨ੍ਹਾਂ ਹੀਰੇ ਅਤੇ ਪੰਨਿਆਂ ਨੂੰ ਗੋਦਾਵਰੀ ਦਰਿਆ ਅੰਦਰ ਸੁਟ ਦਿਉ। ਮਾਇਆ ਦੇ ਤਿਆਗ ਦੇ ਨਾਲ ਨਾਲ ਗੁਰੂ ਸਾਹਿਬ ਨੇ ਆਪਣੇ ਸਤਿਕਾਰ ਯੋਗ ਪਿਤਾ, ਮਾਤਾ ਅਤੇ ਚਾਰ ਸਾਹਿਬਜ਼ਾਦਿਆਂ ਨੂੰ ਖਿੜੇ ਮਥੇ ਦੇਸ਼ ਅਤੇ ਕੌਮ ਤੋਂ ਕੁਰਬਾਨ ਕੀਤਾ। ਇਹ ਇਤਨੀ ਵਡੀ ਕੁਰਬਾਨੀ ਹੈ ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਅੰਦਰ ਮਿਲਨੀ ਮੁਸ਼ਕਲ ਹੈ। ਇਨ੍ਹਾਂ ਕੁਰਬਾਨੀਆਂ ਅੰਦਰ ਖੂਬੀ ਦੀ ਗਲ ਇਹ ਹੈ ਕਿ ਸਭ ਕੁਝ ਵਾਰਨ ਤੋਂ ਬਾਅਦ ਗੁਰੂ ਸਾਹਿਬ ਨੇ ਜ਼ਰਾ ਜ਼ਿੰਨਾ ਰੰਜ ਮਲਾਲ ਜ਼ਾਹਰ ਨਹੀਂ ਕੀਤਾ। ਇਸ ਗਲ ਦਾ ਸਬੂਤ ਸਾਨੂੰ ਇਸ ਗਲ ਤੋਂ ਮਿਲਦਾ ਹੈ ਕਿ ਜਦ ਗੁਰੂ ਸਾਹਿਬ ਜੰਗਾਂ ਯੁਧਾਂ ਤੋਂ ਬਾਅਦ ਫਿਰ ਦਮਦਮਾ ਸਾਹਿਬ ਵਾਲੀ ਜਗ੍ਹਾ (ਜਿਸ ਨੂੰ ਗੁਰੂ ਕੀ ਕਾਂਸ਼ੀ ਵੀ ਕਹਿੰਦੇ ਹਨ) ਦੀਵਾਨ ਸਜਾ ਕੇ ਬੈਠੇ ਤਾਂ ਸਾਹਿਬਜ਼ਾਦਿਆਂ ਦੇ ਦਰਸ਼ਨ ਨਾ ਹੋਣ ਕਰਕੇ ਮਾਤਾ ਸੁੰਦਰੀ ਜੀ ਨੇ ਗੁਰੂ ਸਾਹਿਬ ਪਾਸੋਂ ਪੁਛ ਕੀਤੀ। ਮਾਤਾ ਜੀ ਦੇ ਸਵਾਲ ਅਤੇ ਗੁਰੂ ਸਾਹਿਬ ਦੇ ਜਵਾਬ ਨੂੰ ਕਿਸੇ ਪੰਜਾਬੀ ਕਵੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :-

ਮਾਤਾ ਜੀ :-"ਦਰਸ਼ਨ ਪਤੀ ਦਾ ਪਾਇਕੇ ਮਾਤ ਸੁੰਦਰੀ ਕਹਿੰਦੀ ਛੋੜਿਆ ਕਿਥੇ ਦੁਲਾਰਿਆਂ ਨੂੰ॥ ਮੇਰੇ ਬੇਟਿਆਂ ਜਿਗਰ ਦਿਆਂ ਟੋਟਿਆਂ ਨੂੰ ਮੇਰੀ ਅੱਖ ਦੇ ਚਮਕਦਿਆਂ ਤਾਰਿਆਂ ਨੂੰ॥"

ਗੁਰੂ ਜੀ :-"ਚਾਰੇ ਲਾਲ ਤੇਰੇ ਹਥੀਂ ਬੰਨ੍ਹ ਸਿਹਰੇ ਲਾੜੀ ਮੌਤ ਦੇ ਨਾਲ ਪਰਨਾ ਆਇਆ। ਸੀਗਾ ਕੌਣ ਤੇਰਾ ਅਤੇ ਕੌਣ



Sri Satguru Jagjit Singh Ji eLibrary NamdhariElibrary@gmail.com

ਮੇਰਾ, ਜਿਸ ਦੀ ਵਸਤ ਉਸ ਪਾਸ ਪੁਚਾ ਆਇਆ।
ਕੀ ਹੋਇਆ ਜੇ ਦੇਸ਼ ਤੇ ਕੌਮ ਬਦਲੇ ਚਾਰੇ ਪੁਤ ਆਪਣੇ
ਅਸੀਂ ਵਾਰ ਬੈਠੇ। ਭਾਗਾਂ ਵਾਲੀਏ ਮਾਰ ਕੇ ਨਿਗਾ
ਤਕ ਲੈ ਤੇਰੀ ਗੋਦ ਵਿਚ ਕਈ ਹਜ਼ਾਰ ਬੈਠੇ।''

ਇਹ ਤੁਕਾਂ ਦਸਦੀਆਂ ਹਨ ਕਿ ਗੁਰੂ ਸਾਹਿਬ ਅੰਦਰ ਦੇਸ਼ ਕੌਮ ਦੀ ਰਖਿਆ ਲਈ ਕਿਤਨਾ ਦਰਦ ਸੀ। ਗੁਰੂ ਸਾਹਿਬ ਨੇ ਜਦ ਭਾਰਤ ਵਰਸ਼ ਦੇ ਆਮ ਲੋਕਾਂ ਦੀ ਦਸ਼ਾ ਵਲ ਨਜ਼ਰ ਮਾਰੀ ਤਾਂ ਆਪ ਇਸ ਸਿਟੇ ਤੇ ਪੁਜੇ ਕਿ ਹਿੰਦ ਵਾਸੀਆਂ ਅੰਦਰ ਨਾ ਧਰਮ ਦੀ ਅੰਸ਼ ਬਾਕੀ ਹੈ ਅਤੇ ਨਾ ਹੀ ਸਵੈ ਸਤਿਕਾਰ ਦਾ ਮਾਦਾ ਅਣਖ ਦਾ ਕਿਧਰੇ ਨਾਮ ਨਿਸ਼ਾਨ ਬਾਕੀ ਨਹੀਂ ਸੀ। ਤੀਰਥਾਂ ਧਰਮ ਅਸਥਾਨਾਂ ਅਤੇ ਮੰਦਰਾਂ ਉਤੇ ਟੈਕਸ ਅਤੇ ਜਜ਼ੀਏ ਲਗੇ ਹੋਏ ਸਨ। ਲੋਕੀਂ ਜਾਤ ਪਾਤ ਵਿਚ ਵੰਡੇ ਹੋਏ ਸਨ। ਜਦ ਵੀ ਦੇਸ਼ ਉਤੇ ਕੋਈ ਭੀੜਾ ਬਣ ਜਾਂਦੀ ਲੋਕੀਂ ਇਕ ਜਗਾ ਇਕੱਠੇ ਹੋ ਕੇ ਯਾ ਕਿਸੇ ਸਾਂਝੇ ਬਲ ਨਾਲ ਉਸ ਦਾ ਮੁਕਾਬਲਾ ਨਹੀਂ ਕਰ ਸਕਦੇ ਸਨ। ਇਨ੍ਹਾਂ ਸਾਰੀਆਂ ਗਲਾਂ ਉਤੇ ਡੂੰਘੀ ਸੋਚ ਵਿਚਾਰ ਕਰਕੇ ਗੁਰੂ ਸਾਹਿਬ ਨੇ ਦੇਸ਼ ਸੇਵਕਾਂ ਅਤੇ ਕੌਮੀ ਅਣਖ ਵਾਲੇ ਬੰਦਿਆਂ ਦੀ ਇਕ ਜਥੇਬੰਦੀ ਤਿਆਰ ਕੀਤੀ ਜਿਸ ਦਾ ਨਾਮ ਆਪ ਨੇ 'ਖਾਲਸਾ' ਰਖਿਆ।

ਖਾਲਸਾ ਪੰਥ ਸਾਜਨ ਤੋਂ ਪਹਿਲਾਂ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਦੀ ਚੋਣ ਕੀਤੀ। ਇਸ ਕੰਮ ਲਈ ਆਪ ਨੇ ਅਨੰਦ ਪੁਰ ਸਾਹਿਬ ਵਿਚ ਇਕ ਬੜਾ ਭਾਰੀ ਦੀਵਾਨ ਲਗਾਇਆ। ਇਹ ਵਿਸਾਖੀ ਦਾ ਦਿਨ ਸੀ ਅਤੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚੋਂ



Sri Satguru Jagjit Singh Ji eLibrary NamdhariElibrary@gmail.com

ਹਜ਼ਾਰਾਂ ਲੋਕ ਇਸ ਦੀਵਾਨ ਵਿਚ ਸ਼ਾਮਲ ਹਏ ਸਨ।

ਕੀਰਤਨ ਦਾ ਭੋਗ ਪੈਣ ਤੇ ਕਲਗੀਧਰ ਜੀ ਕ੍ਰਿਪਾਨ ਸੂਤ ਕੇ ਖੜੇ ਹੋ ਗਏ ਅਤੇ ਇਕ ਸਿਖ ਦੇ ਸਿਰ ਦੀ ਮੰਗ ਕੀਤੀ। ਗੁਰੂ ਸਾਹਿਬ ਦਾ ਲਲਕਾਰਾ ਸੁਣ ਕੇ ਸੰਗਤਾਂ ਵਿਚ ਸਨਾਟਾ ਛਾ ਗਿਆ ਅਤੇ ਕੇਵਲ ਕੜਾਹ* ਪ੍ਰਸਾਦਿ ਦੇ ਛਕਣ ਵਾਲੇ ਨਸਣੇ ਸ਼ੁਰੂ ਹੋ ਗਏ। ਗੁਰੂ ਸਾਹਿਬ ਨੇ ਦੂਜੀ ਵੇਰ ਲਲਕਾਰਾ ਮਾਰਿਆ ਪਰ ਫਿਰ ਵੀ ਕੋਈ ਸਿਖ ਨਾ ਉਠਿਆ।

ਆਪ ਨੇ ਤੀਜੀ ਵੇਰ ਲਲਕਾਰ ਕੇ ਕਿਹਾ "ਸੀਸ ਦੀ ਲੋੜ ਹੈ। ਕੋਈ ਸਿਖ ਨਿਤਰੇਗਾ। ਆਪ ਨੇ ਸੰਗਤ ਨੂੰ ਇਹ ਗਲ ਵੀ ਚੇਤੇ ਕਰਾਈ ਕਿ ਹੁਣ ਤਕ ਤੁਸੀਂ ਸਾਰੇ ਗੁਰੂ ਨਾਨਕ ਸਾਹਿਬ ਅਤੇ ਗੁਰੂ ਅਰਜਨ ਸਾਹਿਬ ਦੇ ਇਹ ਵਾਕ ਪੜ੍ਹਦੇ ਯਾ ਸੁਣਦੇ ਆਏ ਹੋ :-

"ਜਉ ਤਉ ਪ੍ਰੇਮ ਖੇਲਨ ਕਾ ਚਾਉ ॥
ਸਿਰ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥"

(ਪੰਨਾ ੧੪੧੨ ਗੁਰੂ ਗ੍ਰੰਥ ਸਾਹਿਬ)

ਅਤੇ

"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥"

(ਪੰਨਾ ੧੧੦੨ ਗੁਰੂ ਗ੍ਰੰਥ ਸਾਹਿਬ)

---

*"ਕੁਨਕੇ ਕੇ ਛਕੀਆ ਏਕ ਠੁਨਕੇ ਮੇਂ ਉੜਾਏ ਗਏ"



Sri Satguru Jagjit Singh Ji eLibrary NamdhariElibrary@gmail.com

ਹੁਣ ਅਸੀਂ ਦੇਖਣਾ ਚਾਹੁੰਦੇ ਹਾਂ ਕਿ ਕੀ ਕੋਈ ਸਿਖ ਇਨ੍ਹਾਂ ਮਹਾਂ ਵਾਕਾਂ ਤੇ ਤੁਰਦਾ ਵੀ ਹੈ ਯਾ ਕਿ ਕੇਵਲ ਪੜ੍ਹ ਹੀ ਸਕਦੇ ਹਨ।

ਇਸ ਤੇ ਲਾਹੌਰ ਨਿਵਾਸੀ ਭਾਈ ਦਇਆ ਰਾਮ ਖਤ੍ਰੀ ਹਥ ਜੋੜ ਕੇ ਖੜਾ ਹੋ ਗਿਆ ਤੇ ਕਹਿਣ ਲਗਾ ਕਿ ਸਚੇ ਪਾਤਸ਼ਾਹ ਦਾਸ ਦਾ ਸਿਰ ਹਾਜ਼ਰ ਹੈ ਆਪ ਜਿਸ ਤਰ੍ਹਾਂ ਚਾਹੋ ਇਸ ਨੂੰ ਵਰਤ ਲਉ। ਇਸੇ ਤੇ ਗੁਰੂ ਸਾਹਿਬ ਭਾਈ ਦਇਆ ਰਾਮ ਨੂੰ ਬਾਂਹ ਤੋਂ ਫੜ ਕੇ ਨਾਲ ਦੇ ਇਕ ਤੰਬੂ ਵਿਚ ਲੈ ਗਏ। ਤੰਬੂ ਅੰਦਰੋਂ ਤਲਵਾਰ ਦੇ ਚਲਨ ਦੀ ਆਵਾਜ਼ ਆਈ ਤੇ ਧੜ ਜ਼ਮੀਨ ਤੇ ਡਿਗਨ ਦਾ ਖੜਾਕ ਹੋਇਆ ਅਤੇ ਲਹੂ ਦੀ ਧਾਰ ਤੰਬੂ ਤੋਂ ਬਾਹਰ ਵਹਿ ਤੁਰੀ।

ਲਹੂ ਨਾਲ ਲਿਬੜੀ ਹੋਈ ਤਲਵਾਰ ਹਥ ਵਿਚ ਲੈ ਕੇ ਗੁਰੂ ਸਾਹਿਬ ਤੰਬੂ ਤੋਂ ਬਾਹਰ ਆਏ ਤੇ ਇਕ ਹੋਰ ਸੀਸ ਦੀ ਮੰਗ ਕੀਤੀ। ਆਪ ਦੇ ਤੀਜੀ ਵੇਰ ਲਲਕਾਰਨ ਤੇ ਦਿੱਲੀ ਦਾ ਰਹਿਣ ਵਾਲਾ ਇਕ ਜਟ ਭਾਈ ਧਰਮ ਦਾਸ ਖੜਾ ਹੋ ਗਿਆ ਤੇ ਉਸ ਨੇ ਆਪਣਾ ਸੀਸ ਹਾਜ਼ਰ ਕੀਤਾ। ਇਸ ਨੂੰ ਵੀ ਗੁਰੂ ਸਾਹਿਬ ਤੰਬੂ ਅੰਦਰ ਲੈ ਗਏ ਤੇ ਅੰਦਰੋਂ ਫਿਰ ਤਲਵਾਰ ਚਲਣ ਦੀ ਆਵਾਜ਼ ਆਈ ਤੇ ਧੜ ਦੇ ਜ਼ਮੀਨ ਉਤੇ ਡਿਗਨ ਦਾ ਖੜਾਕ ਹੋਇਆ।

ਲਹੂ ਨਾਲ ਲਿਬੜੀ ਹੋਈ ਤਲਵਾਰ ਹਥ ਵਿਚ ਲੈ ਕੇ ਗੁਰੂ ਸਾਹਿਬ ਫਿਰ ਦੀਵਾਨ ਵਿਚ ਆਏ ਅਤੇ ਤੀਜੇ ਸਿਰ ਦੀ ਮੰਗ ਕਰਨ ਲਗੇ। ਇਸ ਵੇਰ ਭਾਈ ਮੁਹਕੰਮ ਚੰਦ ਦਵਾਰਕਾ ਨਿਵਾਸੀ ਛੀਪੇ ਨੇ ਆਪਣਾ ਸੀਸ ਭੇਟ ਕੀਤਾ। ਇਸ ਨੂੰ ਵੀ ਗੁਰੂ ਸਾਹਿਬ ਤੰਬੂ ਅੰਦਰ ਲੈ ਗਏ ਅਤੇ ਪਹਿਲੇ ਦੀ ਤਰ੍ਹਾਂ ਇਸ ਦਾ ਸਿਰ ਵੀ ਧੜ



Sri Satguru Jagjit Singh Ji eLibrary NamdhariElibrary@gmail.com

ਨਾਲੋਂ ਜੁਦਾ ਕੀਤਾ।

ਇਸੇ ਤਰ੍ਹਾਂ ਗੁਰੂ ਸਾਹਿਬ ਨੇ ਚੌਥੇ ਤੇ ਪੰਜਵੇਂ ਸਿਰ ਦੀ ਮੰਗ ਕੀਤੀ ਤਾਂ ਹਿੰਮਤ ਦਾਸ ਝੀਵਰ ਅਤੇ ਭਾਈ ਸਾਹਿਬ ਚੰਦ ਜੀ ਨਾਈ ਬਿਦਰ ਨਿਵਾਸੀ ਨੇ ਆਪਣੇ ਆਪਣੇ ਸੀਸ ਭੇਟ ਕੀਤੇ। ਇਨ੍ਹਾਂ ਨਾਲ ਵੀ ਉਹ ਕੁਛ ਹੀ ਹੋਇਆ ਜੋ ਪਹਿਲੇ ਤਿੰਨਾਂ ਨਾਲ ਹੋਇਆ ਸੀ। ਲਹੂ ਦੀ ਨਵੀਂ ਧਾਰ ਤੰਬੂ ਵਿਚੋਂ ਬਾਹਰ ਆਈ।

ਕੁਝ ਚਿਰ ਮਗਰੋਂ ਗੁਰੂ ਸਾਹਿਬ ਇਨ੍ਹਾਂ ਪੰਜਾਂ ਸਿਖਾਂ ਨੂੰ ਨਾਲ ਲੈ ਕੇ ਤੰਬੂ ਤੋਂ ਬਾਹਰ ਆਏ। ਅਤੇ ਦੀਵਾਨ ਵਿਚ ਖੜੇ ਹੋ ਕੇ ਆਪ ਨੇ ਸੰਗਤ ਨੂੰ ਕਿਹਾ ਇਹ ਪੰਜ ਪਿਆਰੇ ਹਨ। ਪੰਜਾਂ ਪਿਆਰਿਆਂ ਦੀ ਚੋਣ ਕਰ ਲੈਣ ਮਗਰੋਂ ਗੁਰੂ ਸਾਹਿਬ ਨੇ ਲੋਹੇ ਦੇ ਬਾਟੇ ਵਿਚ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਪੰਜਾਂ ਪਿਆਰਿਆਂ ਨੂੰ ਛਕਾਇਆ ਤੇ ਇਸ ਤਰ੍ਹਾਂ ਆਪ ਨੇ ਖਾਲਸਾ ਦੀ ਨੀਂਹ ਰਖੀ। ਆਪ ਨੇ ਖਾਲਸਾ ਦੇ ਅਸੂਲ ਅਤੇ ਆਦਰਸ਼ ਦਸਦੇ ਹੋਏ ਕਿਹਾ ਕਿ ਇਹ ਪੰਜ ਪਿਆਰੇ ਹੁਣ ਸਿੰਘ ਸਜ ਗਏ ਹਨ ਇਹ ਵਾਹਿਗੁਰੂ ਦੇ ਸ਼ੇਰ ਹਨ ਇਨ੍ਹਾਂ ਦੇ ਨਾਂ ਅਜ ਤੋਂ ਦਇਆ ਸਿੰਘ ਧਰਮ ਸਿੰਘ ਹਿੰਮਤ ਸਿੰਘ ਮੁਹਕਮ ਸਿੰਘ ਅਤੇ ਸਾਹਿਬ ਸਿੰਘ ਹੋ ਗਏ। ਅਜ ਤੋਂ ਇਨ੍ਹਾਂ ਦੀ ਪਿਛਲੀ ਕੁਲ ਜਾਤ ਤੇ ਧਰਮ ਖਤਮ ਹੋ ਗਏ। ਸਭ ਜਾਤਾਂ ਮਿਲ ਕੇ ਖਾਲਸਾ ਕੌਮ ਬਣੀ ਹੈ। ਅਜ ਤੋਂ ਇਨ੍ਹਾਂ ਅਨਾਥਾਂ ਨਿਤਾਨਿਆਂ ਦੁਖੀਆਂ ਤੇ ਕਮਜ਼ੋਰਾਂ ਦੀ ਸਹਾਇਤਾ ਕਰਨੀ ਹੈ। ਜਬਰ ਹੁੰਦਾ ਵੇਖ ਕੇ ਚੁਪ ਨਹੀਂ ਕਰ ਜਾਣਾ ਬਲਕਿ ਜਬਰ ਤੇ ਜ਼ੁਲਮ ਨੂੰ ਰੋਕਣਾ ਹੈ ਭਾਵੇਂ ਕਿਤਨੇ ਕਸ਼ਟ ਝਲਣੇ ਪੈਣ ਆਪਣੇ ਧਰਮ ਨੂੰ



Sri Satguru Jagjit Singh Ji eLibrary NamdhariElibrary@gmail.com

ਤਿਆਗਣਾ ਨਹੀਂ। ਪੰਜ ਕਕਾਰ ਦੀ ਰਹਿਤ ਰਖਣੀ। ਪੰਜ ਕਕਾਰ ਇਹ ਹਨ :–ਕੇਸ, ਕੰਘਾ, ਕੜਾ, ਕਛਾ ਤੇ ਕਿਰਪਾਨ। ਖ਼ਾਲਸਾ ਤਿਆਰ ਕਰਨ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਪੰਜ ਪਿਆਰਿਆਂ ਅਗੇ ਹਥ ਜੋੜ ਕੇ ਖੜੇ ਹੋ ਗਏ ਤੇ ਕਹਿਣ ਲਗੇ ਕਿ ਜਿਸ ਤਰ੍ਹਾਂ ਮੈਂ ਅੰਮ੍ਰਿਤ ਤਿਆਰ ਕੀਤਾ ਹੈ ਤੇ ਤੁਹਾਨੂੰ ਛਕਾਇਆ ਹੈ ਉਸੇ ਤਰ੍ਹਾਂ ਤੁਸੀਂ ਅੰਮ੍ਰਿਤ ਤਿਆਰ ਕਰਕੇ ਮੈਨੂੰ ਛਕਾਉ। ਇਹ ਸੁਣ ਕੇ ਪੰਜ ਪਿਆਰੇ ਹੈਰਾਨ ਹੋ ਗਏ ਤਾਂ ਗੁਰੂ ਸਾਹਿਬ ਨੇ ਕਿਹਾ ਮੈਂ ਤੁਹਾਨੂੰ ਆਪਣਾ ਰੂਪ ਖਾਲਸਾ ਬਣਾਇਆ ਹੈ ਮੈਂ ਤੁਹਾਡਾ ਗੁਰੂ ਹਾਂ ਤੁਸੀਂ ਇਕੱਠੇ ਤੌਰ ਤੇ ਮੇਰੇ ਗੁਰੂ ਹੋ। ਤੁਹਾਡੇ ਤੇ ਮੇਰੇ ਵਿਚ ਕੋਈ ਭਿੰਨ ਭੇਦ ਨਹੀਂ। ਮੈਂ ਅੰਮ੍ਰਿਤ ਦਾ ਅਭਿਲਾਖੀ ਹਾਂ ਮੈਨੂੰ ਅੰਮ੍ਰਿਤ ਦੀ ਦਾਤ ਬਖਸ਼ੋ। ਇਹ ਹੁਕਮ ਸੁਣ ਕੇ ਪਿਆਰਿਆਂ ਨੇ ਅੰਮ੍ਰਿਤ ਤਿਆਰ ਕੀਤਾ ਤੇ ਗੁਰੂ ਸਾਹਿਬ ਨੂੰ ਛਕਾਇਆ। ਅੰਮ੍ਰਿਤ ਛਕਣ ਤੋਂ ਬਾਅਦ ਗੁਰੂ ਸਾਹਿਬ ਨੇ ਕਿਹਾ ਕਿ ਮੇਰਾ ਨਾਂ ਪੰਜ ਪਿਆਰਿਆਂ ਦੀ ਤਰ੍ਹਾਂ ਹੁਣ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਹੋਇਆ।

---


**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ**
**ਪਵਿਤਰ ਬੀੜਾਂ ਖਰੀਦਣ ਲਈ**
**ਸਦਾ ਸਾਨੂੰ ਯਾਦ ਰਖੋ**

ਗਿ: ਸੋਹਣ ਸਿੰਘ ਸਾਰੰਗ

**ਗੁਰਮਤਿ ਭੰਡਾਰ**

1337, ਸੰਗਤਰਾਸ਼ਾਂ, ਪਹਾੜ ਗੰਜ, ਨਵੀਂ ਦਿੱਲੀ-55




Sri Satguru Jagjit Singh Ji eLibrary NamdhariElibrary@gmail.com

# ਪਾਰ ਉਤਾਰ ਦਿਤਾ

ਪੰਜਾਬ ਦੇ ਪ੍ਰਸਿਧ ਉਸਤਾਦ ਕਵੀ
(ਸਵਰਗਵਾਸੀ ਉਸਤਾਦ 'ਹਮਦਮ' ਜੀ, ਲਾਹੌਰੀ)

ਬਾਜ਼ਾਂ ਵਾਲੇ ਨੇ ਬਾਜ਼ੀਆਂ ਜਿਤੀਆਂ ਨੇ,
ਚਾਲੇ ਬਾਜ਼ਾਂ ਨੂੰ ਪਲਕ ਵਿਚ ਹਾਰ ਦਿਤਾ।

ਓਹਦੇ ਬਾਜ਼ ਆਏ, ਲੋਕੀ ਬਾਜ਼ ਆਏ,
ਬਾਜ਼ੇ ਬਾਜ਼ਿਆਂ ਸੀਸ ਵੀ ਹਾਰ ਦਿਤਾ।

ਸਤ ਵਾਲਿਆਂ ਪੰਜ ਸਤ ਨਾਲ ਲੈ,
ਸਤ ਨਾਮ ਦਾ ਕਿੱਲਾ ਉਸਾਰ ਦਿਤਾ।

'ਹਮਦਮ' ਆ ਗਿਆ ਵਕਤ ਤੇ ਆਉਨ ਵਾਲਾ,
ਬੇੜਾ ਹਿੰਦ ਦਾ ਪਾਰ ਉਤਾਰ ਦਿਤਾ।



Sri Satguru Jagjit Singh Ji eLibrary NamdhariElibrary@gmail.com

# ਪੰਥ ਤੂੰ ਸਜਾਇਆ ਖਾਲਸਾ

(ਵਲੋਂ : ਗੁਰਬਖਸ਼ ਸਿਘ 'ਦਰਪਨ' ਨਹਿਰੂ ਬਾਜਾਰ ਪਹਾੜ ਗੰਜ ਨਵੀਂ ਦਿੱਲੀ)

ਲਈ ਤੈਥੋਂ ਨਵੀਂ ਜ਼ਿੰਦਗੀ ਪੰਜਾਂ ਪਿਆਰਿਆਂ ਤਲੀ ਤੇ ਸਿਰ ਧਰ ਕੇ।
ਚਿੜੀਆਂ ਨੇ ਬਾਜ਼ ਨਪ ਲਏ ਤੇਰੀ ਪਾਹੁਲ ਦਾ ਇਕੋ ਹੀ ਘੁਟ ਭਰ ਕੇ।

ਪੰਥ ਤੂੰ ਸਜਾਇਆ ਖਾਲਸਾ ਗਗਣ ਦਮਾਮੇਂ ਵਜ ਗਏ।
ਧਾਰ ਕੇ ਕਕਾਰ ਪੰਜ ਜੀ ਜਦੋਂ ਤੇਰੇ ਸਿੰਘ ਸਜ ਗਏ।
ਫੜ ਲੈਂਦੇ ਮੁਛ ਸ਼ੇਰ ਦੀ ਜੇਹੜੇ ਲੰਘਦੇ ਸੀ ਗਿਦੜਾਂ ਤੋਂ ਡਰ ਕੇ।
ਲਈ ਤੈਥੋਂ ਨਵੀਂ ਜ਼ਿੰਦਗੀ...............

ਜੰਗ ਵਿਚ ਜਾਣ ਦੇ ਲਈ ਅਜੀਤ ਤੇ ਜੁਝਾਰ ਨਿਕਲੇ।
ਲੈਕੇ ਤੇਰੇ ਪੁਤ ਲਾਡਲੇ ਢਾਲ ਤਲਵਾਰ ਨਿਕਲੇ।
ਦਿਤੀ ਨਹੀਂ ਪਿਠ ਸੂਰਿਆਂ ਹੋਏ ਅਮਰ ਸ਼ਹੀਦੀ ਲਾੜੀ ਵਰ ਕੇ।
ਲਈ ਤੈਥੋਂ ਨਵੀਂ ਜ਼ਿੰਦਗੀ...............

ਸੋਹਲ ਛੋਟੇ ਲਾਲ ਤੇਰੇ ਦੋ ਡਟ ਗਏ ਸੀ ਨੀਹਾਂ ਮੱਲ ਕੇ।
ਕੰਧਾਂ 'ਚੋਂ ਆਵਾਜ਼ ਨਿਕਲੇ ਸੁਣ ਲਉ ਸਰਹੰਦ ਚਲ ਕੇ।
ਮਰਦੇ ਜੋ ਧਰਮ ਲਈ ਉਹ ਨਾਂ ਮਰਦੇ ਕਦੇ ਵੀ ਮਰ ਮਰ ਕੇ।
ਲਈ ਤੈਥੋਂ ਨਵੀਂ ਜ਼ਿੰਦਗੀ...............



Sri Satguru Jagjit Singh Ji eLibrary NamdhariElibrary@gmail.com

ਇਕ ਤੇਰਾ ਪੱਲਾ ਖਾਲਸਾ ਸੌ ਸੌ ਦੇ ਨਾਲ ਲੜਿਆ।
ਬਿਨਾਂ ਸੀਸ ਦੀਪ ਸਿੰਘ ਦਾ ਧੜ ਵੀ ਕਮਾਲ ਲੜਿਆ।
ਸੂਰਮੇਂ ਦੀ ਤਿਖੀ ਤੇਗ਼ ਨੇ ਲਹੂ ਵੈਰੀਆਂ ਦਾ ਪੀਤਾ ਢਿਡ ਭਰ ਕੇ।
ਲਈ ਤੈਥੋਂ ਨਵੀਂ ਜ਼ਿੰਦਗੀ..............

ਮੌਤ ਕੋਲੋਂ ਨਹੀਂ ਡਰਦੇ ਤੇਗ਼ ਦੀ ਜੋ ਛਾਵੇਂ ਪਲਦੇ।
ਹਸ ਹਸ ਸਿੰਘ ਸੂਰਮੇਂ ਸੀਨੇ ਉਤੇ ਵਾਰ ਝਲਦੇ।
'ਦਰਪਨ' ਜੰਗ ਦੇ ਵਿਚੋਂ ਆਵੇ ਖਾਲਸਾ ਨਾਂ ਤੇਰਾ ਕਦੇ ਹਰ ਕੇ।
ਲਈ ਤੈਥੋਂ ਨਵੀਂ ਜ਼ਿੰਦਗੀ..............


ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਸ਼ਤਾਬਦੀ
ਨਮਿਤ
ਅਦੁਤੀ ਸੁਗ਼ਾਤ

**ਗੁਰੂ ਨਾਨਕ ਦਾ ਸਰੂਪ**

ਪ੍ਰੋ: ਜੋਗਿੰਦਰ ਸਿੰਘ ਐਮ. ਏ. ਖਾਲਸਾ ਕਾਲਜ ਦਿੱਲੀ
ਭੇਟਾ ੭॥)

ਪਤਾ :—

**ਪੰਜਾਬੀ ਟਰੈਕਟ ਸੁਸਾਇਟੀ**

1567 ਕੂਚਾ ਦਖਨੀ ਰਾਏ, ਦਰਿਆ ਗੰਜ, ਦਿੱਲੀ-6




Sri Satguru Jagjit Singh Ji eLibrary - NamdhariElibrary@gmail.com

# ਅੰਮ੍ਰਿਤ ਦੀ ਸ਼ਕਤੀ

(ਵਲੋਂ : ਆਤਮਾ ਰਾਮ ਗਰੋਵਰ 3/44 ਨਹਿਰੂ ਬਾਜ਼ਾਰ, ਨਵੀਂ ਦਿੱਲੀ)

ਖੰਡੇ ਦੇ ਅੰਮ੍ਰਿਤ ਵਿਚ ਸ਼ਕਤੀ ਮਹਾਨ ਏ ।
ਏਸ ਨਾਲ ਖਾਲਸੇ ਦੀ ਜਗ ਵਿਚ ਸ਼ਾਨ ਏ ।
ਪੀ ਲੈਂਦਾ ਜਿਹੜਾ ਵੀ ਉਹ ਨਚਦਾ ਹੈ ਧਾਰ ਤੇ ।
ਪਾਵੰਦਾ ਉਹ ਭੰਗੜੇ ਤੇ ਖੰਡੇ ਤਲਵਾਰ ਤੇ ।
ਟੁਰ ਪੈਂਦਾ ਘਰੋਂ ਅਲਖ ਮੌਤ ਦੀ ਮੁਕਾਨ ਏ ।
ਦਾਤੇ ਦੇ ਅੰਮ੍ਰਿਤ ਵਿਚ ਸ਼ਕਤੀ ਮਹਾਨ ਏ ।
ਜ਼ੁਲਮ ਅਤੇ ਜਬਰ ਇਹ ਨਾ ਸਕਦਾ ਸਹਾਰ ਏ ।
ਸਚ ਅਤੇ ਧਰਮ ਨਾਲ ਏਸ ਦਾ ਪਿਆਰ ਏ ।
ਕਾਇਰ ਵੀ ਪੀ ਕੇ ਹੁੰਦਾ ਯੋਧਾ ਬਲਵਾਨ ਏ ।
ਦਾਤੇ ਦੇ ਅੰਮ੍ਰਿਤ ਵਿਚ ਸ਼ਕਤੀ ਮਹਾਨ ਏ ।
ਬੰਦ ਬੰਦ ਕਿਸੇ ਇਹਨੂੰ ਪੀ ਕੇ ਕਟਾਇਆ ਏ ।
ਪੁਠੀ ਰੰਬੀ ਨਾਲ ਕਿਸੇ ਖੱਲ ਨੂੰ ਲੁਹਾਇਆ ਏ ।
ਆਰਿਆਂ ਦੇ ਥੱਲੇ ਕਿਸੇ ਵਾਰ ਦਿਤੀ ਜਾਨ ਏ ।
ਦਾਤੇ ਦੇ ਅੰਮ੍ਰਿਤ ਵਿਚ ਸ਼ਕਤੀ ਮਹਾਨ ਏ ।
ਵੈਰੀਆਂ ਨੇ ਜੰਗ ਵਿਚ ਜਦੋਂ ਲਲਕਾਰਿਆ ।
ਪੀਣ ਵਾਲਾ ਇਹਨੂੰ ਕਦੇ ਮੌਤ ਤੋਂ ਨਾ ਹਾਰਿਆ ।
ਸਿਰ ਬਾਝ ਡਿਠਾ ਏਥੇ ਲੜਦਾ ਜੁਵਾਨ ਏ ।
ਖੰਡੇ ਦੇ ਅੰਮ੍ਰਿਤ ਵਿਚ ਸ਼ਕਤੀ ਮਹਾਨ ਏ ।
ਇਕ ਘੁਟ ਭਰ ਚਿੜੀਆਂ ਬਾਜਾਂ ਉਤੇ ਟੁਟੀਆਂ ।
ਜਾਣ ਗਿਆ ਵੈਰੀ ਚੋਗਾਂ ਮੇਰੀਆਂ ਨਿਖੁਟੀਆਂ ।
ਇਕ ਇਕ ਲਖਾਂ ਨਾਲ ਲਗਾ ਟਕਰਾਨ ਏ ।
ਦਾਤੇ ਦੇ ਅੰਮ੍ਰਿਤ ਵਿਚ ਸ਼ਕਤੀ ਮਹਾਨ ਏ ।
ਏਸ ਨਾਲ ਖਾਲਸੇ ਦੀ ਜਗ ਵਿਚ ਸ਼ਾਨ ਏ ।